# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
## ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,

ਪੰਜਵੀ ਮੰਜਿਲ, ਈ ਬਲਾਕ, ਸਿੱਖਿਆ ਭਵਨ, ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ

ਫੋਨ ਨੰ:0172-5212364 **Website: www.ssapunjab.org**


ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), (ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), (ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, (ਨੋਟਿਸ ਬੋਰਡ ਰਾਹੀਂ)
ਸਮੂਹ ਸਕੂਲ ਮੁੱਖੀ (ਵੈੱਬਸਾਈਟ ਰਾਹੀਂ)
ਪੰਜਾਬ

ਮੀਮੋ ਨੰ : ਸਸਅ/ਐਮਸੀ/2016/੨੫੨੭
ਮਿਤੀ : 16-2-2016

**ਵਿਸ਼ਾ :-** **ਮਾਰਚ, 2016 ਵਿੱਚ ਹੋਣ ਵਾਲੇ ਵਿਦਿਆਰਥੀਆਂ ਦੇ ਸੰਕਲਿਤ ਮੁਲਾਂਕਣ (SA-II) ਅਤੇ ਨੌਵੀਂ ਜਮਾਤ ਦੀ ਪ੍ਰੀਖਿਆ ਸਬੰਧੀ ਸਮਾਂ ਸਾਰਨੀ।**

1.0 ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਮਾਰਚ 2016 ਵਿੱਚ ਵਿਦਿਆਰਥੀਆਂ ਦਾ ਚੌਥੀ, ਛੇਵੀਂ ਅਤੇ ਸਤਵੀਂ ਜਮਾਤ ਦੇ ਵਿਦਿਆਰਥੀਆਂ ਦਾ ਸੰਕਲਿਤ ਮੁਲਾਂਕਣ (SA-II) ਲਿਆ ਜਾਣਾ ਹੈ। ਇਸੇ ਤਰ੍ਹਾਂ ਨੌਵੀਂ ਜਮਾਤ ਦੀ ਮਾਰਚ 2016 ਪ੍ਰੀਖਿਆ ਲਈ ਜਾਣੀ ਹੈ।ਇਸ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਕਿ ਵਿਦਿਆਰਥੀ ਇਸ ਮੁਲਾਂਕਣ/ਪ੍ਰੀਖਿਆ ਪ੍ਰਤੀ ਪੂਰਨ ਰੂਪ ਵਿੱਚ ਦੁਹਰਾਈ ਕਰ ਸਕਣ ਅਤੇ ਇਸ ਮੁਲਾਂਕਣ ਪ੍ਰਤੀ ਸੰਜੀਦਾ ਹੋ ਜਾਣ, ਤਹਿਤ ਸਮਾਂ ਸਾਰਨੀ ਜਾਰੀ ਕੀਤੀ ਜਾ ਰਹੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਮਿਤੀ | ਦਿਨ | ਨੌਵੀਂ | ਸੱਤਵੀਂ | ਛੇਵੀਂ | ਚੌਥੀ |
|---|---|---|---|---|---|---|
| 1 | 11.03.2016 | ਸ਼ੁਕਰਵਾਰ | ਗਣਿਤ | ਸਾਇੰਸ | ਸਾਇੰਸ | ---- |
| 2 | 12.03.2016 | ਸ਼ਨੀਵਾਰ | ਹਿੰਦੀ | ਸਰੀਰਕ ਸਿੱਖਿਆ | ਸਰੀਰਕ ਸਿੱਖਿਆ | ---- |
| 3 | 14 .03.2016 | ਸੋਮਵਾਰ | ਸਾਇੰਸ | ਅੰਗਰੇਜ਼ੀ | ਸਮਾਜਿਕ ਸਿੱਖਿਆ | ਪੰਜਾਬੀ |
| 4 | 15 .03.2016 | ਮੰਗਲਵਾਰ | ਸਰੀਰਕ ਸਿੱਖਿਆ | ਹਿੰਦੀ | ਚੋਣਵਾਂ ਵਿਸ਼ਾ | ਅੰਗਰੇਜ਼ੀ |
| 5 | 16 .03.2016 | ਬੁੱਧਵਾਰ | ਪੰਜਾਬੀ ਏ | ਕੰਪਿਊਟਰ | ਅੰਗਰੇਜ਼ੀ | ---- |
| 6 | 17.03.2016 | ਵੀਰਵਾਰ | ਪੰਜਾਬੀ ਬੀ | ਪੰਜਾਬੀ | ---- | ਗਣਿਤ |
| 7 | 18 .03.2016 | ਸ਼ੁਕਰਵਾਰ | ਕੰਪਿਊਟਰ | ਚੋਣਵਾਂ ਵਿਸ਼ਾ | ਗਣਿਤ | ਵਾਤਾਵਰਨ ਸਿੱਖਿਆ |
| 8 | 19 .03.2016 | ਸ਼ਨੀਵਾਰ | ਅੰਗਰੇਜ਼ੀ | ਸਮਾਜਿਕ ਸਿੱਖਿਆ | ਹਿੰਦੀ | ਹਿੰਦੀ |
| 9 | 21 .03.2016 | ਸੋਮਵਾਰ | ਚੋਣਵਾ ਵਿਸ਼ਾ | ---- | ਕੰਪਿਊਟਰ | ---- |
| 10 | 22 .03.2016 | ਮੰਗਲਵਾਰ | ਸਮਾਜਿਕ ਸਿੱਖਿਆ | ਗਣਿਤ | ਪੰਜਾਬੀ | ---- |

2.0 ਮੁਲਾਂਕਣ/ਪ੍ਰੀਖਿਆ ਦਾ ਸਮਾਂ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਰਹੇਗਾ। ਸਕੂਲ ਦੇ ਅਨੁਸ਼ਾਸ਼ਨ ਦੀ ਜਿੰਮੇਵਾਰੀ ਪ੍ਰਿੰਸੀਪਲ/ਹੈਡ ਮਾਸਟਰ/ ਸਕੂਲ ਇੰਚਾਰਜ ਦੀ ਹੋਵੇਗੀ।

**3.0** ਕੰਪਿਊਟਰ ਅਧਿਆਪਕ ਆਪਣੇ ਵਿਸ਼ੇ ਦੇ ਮੁਲਾਂਕਣ ਟੂਲਜ਼/ਪੇਪਰ ਆਪਣੇ ਪੱਧਰ ਤੇ ਪੈਟਰਨ ਅਨੁਸਾਰ ਤਿਆਰ ਕਰਨਗੇ। ਜਿਸਦਾ ਸਮਾਂ ਦੋ ਘੰਟੇ ਹੋਵੇਗਾ। ਪ੍ਰੈਕਟੀਕਲ ਮੁਲਾਂਕਣ ਲਿਖਤੀ ਮੁਲਾਂਕਣ ਤੋਂ ਪਹਿਲਾਂ ਮੁਕੰਮਲ ਕਰ ਲਿਆ ਜਾਵੇ।

**4.0** ਛੇਵੀਂ, ਸਤਵੀਂ ਅਤੇ ਨੌਵੀਂ ਜਮਾਤ ਦੇ ਸਾਇੰਸ/ ਹਿਸਾਬ/ ਚੋਣਵੇ ਵਿਸ਼ੇ ਦੀ ਪ੍ਰਯੋਗੀ ਪ੍ਰੀਖਿਆ/ ਮੁਲਾਂਕਣ ਵੀ ਸਬੰਧਤ ਵਿਸ਼ਾ ਅਧਿਆਪਕਾਂ ਵੱਲੋਂ ਲਿਖਤੀ ਮੁਲਾਂਕਣ ਤੋਂ ਪਹਿਲਾਂ ਮੁਕੰਮਲ ਕਰ ਲਿਆ ਜਾਵੇ ਅਤੇ ਹਰੇਕ ਵਿਸ਼ਿਆਂ ਦੇ ਮੁਲਾਂਕਣ ਟੂਲਜ਼ / ਪੇਪਰ ਸਕੂਲ ਮੁੱਖੀ ਵੱਲੋਂ ਸਬੰਧਤ ਵਿਸ਼ਾ ਅਧਿਆਪਕਾਂ ਤੋਂ ਤਿਆਰ ਕਰਵਾ ਲਏ ਜਾਣ।ਸਮੂਹ ਪ੍ਰਸ਼ਨ ਪੱਤਰ, ਇੱਕਠੇ ਕਰਕੇ, ਇਕ ਫਾਈਲ ਵਿੱਚ ਰਿਕਾਰਡ ਲਈ ਰੱਖ ਲਏ ਜਾਣ।

**5.0** ਗਿਆਰਵੀਂ ਜਮਾਤ ਦੀ ਪ੍ਰੀਖਿਆ (ਮਾਰਚ 2016) ਦੇ ਮੁਲਾਂਕਣ ਲਈ ਸਕੂਲ ਮੁੱਖੀ ਆਪਣੇ ਪੱਧਰ ਤੇ ਸਬੰਧਤ ਵਿਸ਼ਾ ਅਧਿਆਪਕਾਂ ਦੁਆਰਾ, ਪਹਿਲਾਂ ਦੀ ਤਰ੍ਹਾਂ ਪੇਪਰ ਤਿਆਰ ਕਰਵਾ ਲੈਣ ਅਤੇ ਸਕੂਲ ਮੁੱਖੀ ਆਪਣੇ ਪੱਧਰ ਤੇ ਗਿਆਰਵੀਂ ਜਮਾਤ ਦੀਆਂ ਸਾਰੀਆਂ Streams ਲਈ ਸਮਾਂ ਸਾਰਣੀ ਜਾਰੀ ਕਰ ਲੈਣ।

**6.0** ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਦੀ ਸਮਾਂ ਸਾਰਣੀ ਜਾਰੀ ਕਰਨ ਲੱਗਿਆਂ ਸਕੂਲ ਮੁਖੀ ਵੱਲੋਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਇਹਨਾਂ ਜਮਾਤਾਂ ਦਾ ਲਿਖਤੀ ਮੁਲਾਂਕਣ ਵੀ ਮਿਤੀ 11 ਮਾਰਚ 2016 ਤੋਂ 22 ਮਾਰਚ 2016 ਤੱਕ ਕਰਵਾ ਲਿਆ ਜਾਵੇ ਤਾਂ ਜੋ ਸਾਰੇ ਸਕੂਲਾਂ ਵਿੱਚ ਮੁਲਾਂਕਣ ਦਾ ਸਮਾਂ ਇਕਸਾਰ ਰਹੇ। ਇਸ ਤੋਂ ਇਲਾਵਾ ਜਿਹਨਾਂ ਵਿਸ਼ਿਆਂ ਦਾ ਪ੍ਰਯੋਗੀ ਮੁਲਾਂਕਣ ਹੋਣਾ ਹੈ, ਉਹ ਲਿਖਤੀ ਪ੍ਰੀਖਿਆ ਤੋਂ ਪਹਿਲਾਂ ਮੁਕੰਮਲ ਕਰ ਲਏ ਜਾਣ।

**7.0** ਉੱਤਰ-ਪੱਤਰੀਆਂ ਦਾ ਮੁਲਾਂਕਣ, ਟੇਬਲ ਮਾਰਕਿੰਗ ਸਿਸਟਮ ਨਾਲ ਹੋਵੇਗਾ। ਜਿਸ ਦਾ ਕੰਟਰੋਲ, ਸਕੂਲ ਦੇ ਸੀਨੀਅਰ ਅਧਿਆਪਕ/ਲੈਕਚਰਾਰ ਦੇ ਅਧੀਨ ਹੋਵੇਗਾ। ਮੁਲਾਂਕਣ ਦਾ ਕੰਮ-ਕਾਜ ਰੋਜ਼ਾਨਾ ਮਿਤੀ ਬੱਧ ਕੀਤਾ ਜਾਵੇ ਅਤੇ ਇਸ ਦਾ ਰੋਜ਼ਾਨਾ ਰਿਕਾਰਡ ਵੀ ਦਰਜ ਕੀਤਾ ਜਾਵੇ।

**8.0** ਪਹਿਲੀ ਤੋਂ ਤੀਜੀ ਜਮਾਤਾਂ ਦਾ ਮੁਲਾਂਕਣ ਪ੍ਰਵੇਸ਼ ਪ੍ਰੋਜੈਕਟ ਤਹਿਤ ਕੀਤਾ ਜਾਵੇ।

**9.0** ਬੱਚਿਆਂ ਦੀ ਕਾਰਗੁਜਾਰੀ 31 ਮਾਰਚ 2016 ਨੂੰ ਦੱਸੀ ਜਾਵੇਗੀ।ਇਸ ਲਈ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਾਪੇ-ਅਧਿਆਪਕ ਮਿਲਣੀ (PTM) 31 ਮਾਰਚ 2016 ਨੂੰ ਲਾਜ਼ਮੀ ਤੌਰ ਤੇ ਸਵੇਰੇ 9:30 ਵਜੇ ਤੋਂ 1:30 ਵਜੇ ਤੱਕ ਆਯੋਜਿਤ ਕੀਤੀ ਜਾਵੇ ਤਾਂ ਜੋ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਅਧਿਆਪਕਾਂ ਦੁਆਰਾ ਮਾਪਿਆਂ ਨਾਲ ਸਾਂਝੀ ਕੀਤੀ ਜਾ ਸਕੇ ਅਤੇ ਵਿਦਿਆਰਥੀਆਂ ਦੇ ਭਵਿੱਖ ਲਈ ਸਕਾਰਤਮਕ ਸਿੱਟੇ ਨਿਕਲ ਸਕਣ।

**10.0** ਸਮੂਹ ਸਕੂਲ ਮੁੱਖੀ, ਜਮਾਤ ਇੰਚਾਰਜ ਉੱਕਤ ਸਮਾਂ ਸਾਰਣੀ ਨੂੰ ਵਿਦਿਆਰਥੀਆਂ ਦੀ ਕਾਪੀ ਤੇ ਨੋਟ ਕਰਵਾਉਣ ਅਤੇ ਵਿਦਿਆਰਥੀਆਂ ਨੂੰ ਸਹੀ ਤਰੀਕੇ ਨਾਲ ਦੁਹਰਾਈ ਕਰਵਾਉਣ ਲਈ ਵਿਸ਼ਾ ਅਧਿਆਪਕਾਂ ਨੂੰ ਦੁਹਰਾਈ ਚਾਰਟ ਬਣਾਉਣ ਦੀ ਹਦਾਇਤ ਕਰਨ।

**ਮਿਤੀ : 11.2.2016**

**ਪ੍ਰਦੀਪ ਕੁਮਾਰ ਅਗਰਵਾਲ, ਆਈ.ਏ.ਐਸ.**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ**

**ਪਿੱਠ ਅੰਕਣ ਨੰ: ਸਸਅ/ਐਮਸੀ/2016/** 2531 **ਮਿਤੀ** 16-2-2016

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:

1) ਡੀ.ਪੀ.ਆਈ. (ਸੈ.ਸਿ.), ਪੰਜਾਬ
2) ਡੀ.ਪੀ.ਆਈ. (ਐ.ਸਿ.), ਪੰਜਾਬ
3) ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ

**ਵਧੀਕ ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ**

ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,
ਪੰਜਵੀ ਮੰਜਿਲ, ਈ ਬਲਾਕ, ਸਿੱਖਿਆ ਭਵਨ, ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ
ਫੋਨ ਨੰ:0172-5212364 Website: www.ssapunjab.org

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), (ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), (ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, (ਨੋਟਿਸ ਬੋਰਡ ਰਾਹੀਂ)
ਸਮੂਹ ਸਕੂਲ ਮੁੱਖੀ (ਵੈੱਬਸਾਈਟ ਰਾਹੀਂ)
ਪੰਜਾਬ

ਮੀਮੋ ਨੰ : ਸਸਅ/ਐਮਸੀ/2016/ 2593
ਮਿਤੀ : 16-2-2016

ਵਿਸ਼ਾ :- ਮਾਰਚ, 2016 ਵਿੱਚ ਹੋਣ ਵਾਲੇ ਵਿਦਿਆਰਥੀਆਂ ਦੇ ਸੰਕਲਿਤ ਮੁਲਾਂਕਣ (SA-II) ਅਤੇ ਨੌਵੀਂ ਜਮਾਤ ਦੀ ਪ੍ਰੀਖਿਆ ਸਬੰਧੀ ਸਮਾਂ ਸਾਰਨੀ।

ਹਵਾਲਾ :- ਇਸ ਦਫ਼ਤਰ ਦੇ ਪੱਤਰ ਨੰ. ਸਸਅ/ਐਮਸੀ/2016/ 2429 ਮਿਤੀ 16.02.2016 ਦੇ ਹਵਾਲੇ ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ ਮਿਤੀ 12.3.2016 ਨੂੰ ਦੂਸਰੇ ਸ਼ਨੀਵਾਰ ਦੀ ਛੁੱਟੀ ਹੋਣ ਕਾਰਨ ਇਹ ਮੁਲਾਂਕਣ / ਪੇਪਰ ਮਿਤੀ 26.03.2016 ਨੂੰ ਲਏ ਜਾਣ। ਬਾਕੀ ਦੇ ਨਿਯਮ ਅਤੇ ਸ਼ਰਤਾਂ ਉਹੀ ਹੋਣਗੇ।

ਵਧੀਕ ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ